

# ਜ਼ਿਲ੍ਹਾ ਸੈਨਿਕ ਭਲਾਈ ਵਿਭਾਗ

ਜ਼ਿਲ੍ਹਾ ਸੈਨਿਕ ਭਲਾਈ ਵਿਭਾਗ

ਜ਼ਿਲ੍ਹਾ ਸੈਨਿਕ ਭਲਾਈ ਦਫ਼ਤਰ, ਹੁਸ਼ਿਆਰਪੁਰ ਵਲੋਂ ਸਾਬਕਾ ਸੈਨਿਕਾਂ/ਵਿਧਵਾਵਾਂ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੇਰਵਾ:-

1. **65 ਸਾਲਾ ਸਾਬਕਾ ਸੈਨਿਕਾਂ/ਵਿਧਵਾਵਾਂ ਨੂੰ ਮਾਲੀ ਸਹਾਇਤਾ**

ਜਿਹਨਾਂ ਸੈਨਿਕਾਂ ਨੇ ਦੂਸਰੀ ਸੰਸਾਰ ਜੰਗ ਦੌਰਾਨ ਸੇਵਾ ਕੀਤੀ ਸੀ ਅਤੇ ਵਾਧੂ ਫ਼ੌਜ ਹੋ ਜਾਣ ਕਾਰਨ ਰਲੀਜ ਕਰ ਦਿੱਤੇ ਗਏ ਸਨ ਅਤੇ ਕਿਸੇ ਵੀ ਕਿਸਮ ਦੀ ਕੇਂਦਰ ਸਰਕਾਰ ਜਾਂ ਪੰਜਾਬ ਸਰਕਾਰ ਪਾਸੋਂ ਪੈਨਸ਼ਨ ਨਹੀਂ ਲੈ ਰਹੇ ਅਤੇ ਉਨ੍ਹਾਂ ਦੀ ਸਲਾਨਾ ਆਮਦਨ 12,000/- ਰੁਪਏ ਤੋਂ ਵੱਧ ਨਹੀਂ ਹੈ, 65 ਸਾਲ ਦੀ ਉਮਰ ਪੂਰੀ ਹੋ ਜਾਣ ਉਪਰੰਤ ਪੰਜਾਬ ਸਰਕਾਰ ਵਲੋਂ ਉਹਨਾਂ ਸਾਬਕਾ ਸੈਨਿਕਾਂ ਅਤੇ ਉਹਨਾਂ ਦੀਆਂ ਵਿਧਵਾਵਾਂ ਨੂੰ 300/- ਰੁਪਏ ਪ੍ਰਤੀ ਮਹੀਨਾ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।

2. **ਜੰਗੀ ਜਾਗੀਰ**

ਪੰਜਾਬ ਸਰਕਾਰ ਵਲੋਂ ਉਹਨਾਂ ਸੈਨਿਕਾਂ ਦੇ ਮਾਪਿਆਂ ਨੂੰ, ਜਿਹਨਾਂ ਦਾ ਇਕੋ ਹੀ ਬੱਚਾ ਹੋਵੇ, ਉਹ ਫ਼ੌਜ ਵਿਚ ਹੋਵੇ, ਦੋ ਹੀ ਬੱਚੇ ਹੋਣ ਅਤੇ ਦੋਵੇਂ ਹੀ ਫ਼ੌਜ ਵਿਚ ਹੋਣ, ਤਿੰਨ ਬੱਚੇ ਜਾਂ ਤਿੰਨ ਤੋਂ ਜ਼ਿਆਦਾ ਹੋਣ ਅਤੇ ਘੱਟੋ ਘੱਟ ਤਿੰਨ ਫ਼ੌਜ ਵਿਚ ਹੋਣ, ਨੂੰ 100/- ਰੁਪਏ ਪ੍ਰਤੀ ਮਹੀਨਾ ਜੰਗੀ ਜਾਗੀਰ ਦਿੱਤੀ ਜਾਂਦੀ ਹੈ। ਜੇਕਰ ਬੱਚੇ ਐਮਰਜੈਂਸੀ ਦੌਰਾਨ ਹੀ ਸੇਵਾ ਕਾਲ ਵਿਚ ਹੋਣ, ਜੇਕਰ ਤਿੰਨ ਤੋਂ ਜ਼ਿਆਦਾ ਐਮਰਜੈਂਸੀ ਦੌਰਾਨ ਸੇਵਾ ਵਿਚ ਹੋਣ ਤਾਂ ਉਹਨਾਂ ਮਾਪਿਆਂ ਨੂੰ ਤਿੰਨ ਬੱਚਿਆਂ ਤੋਂ ਵੱਧ ਬੱਚਿਆਂ ਲਈ ਜੰਗੀ ਜਾਗੀਰ ਬੱਚੇ ਦੀ ਮਾਤਾ ਦੇ ਨਾਂ ਨਿਯਮਾਂ ਅਨੁਸਾਰ ਟਰਾਂਸਫਰ ਕਰਵਾ ਦਿੱਤੀ ਜਾਂਦੀ ਹੈ।

3. **ਜੰਗੀ ਵਿਧਵਾਵਾਂ ਨੂੰ ਸਫਰੀ ਭੱਤਾ**

ਪੰਜਾਬ ਸਰਕਾਰ ਵਲੋਂ 1948, 1962, 1965, 1971 ਆਪ੍ਰੇਸ਼ਨ, ਮੇਘਦੂਤ ਅਤੇ ਪਵਨ ਦੀਆਂ ਜੰਗੀ ਵਿਧਵਾਵਾਂ ਨੂੰ 150/- ਰੁਪਏ ਪ੍ਰਤੀ ਮਹੀਨਾ ਸਫ਼ਰੀ ਭੱਤਾ ਦਿੱਤਾ ਜਾਂਦਾ ਹੈ।

4. **ਲੜਕੀਆਂ ਦੀ ਸ਼ਾਦੀ ਲਈ ਗਰਾਂਟ**

ਸਾਬਕਾ ਸੈਨਿਕਾਂ ਅਤੇ ਉਹਨਾਂ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਪੰਜਾਬ ਸਰਕਾਰ ਵਲੋਂ 5000/- ਰੁਪਏ ਦੀ ਗਰਾਂਟ ਪ੍ਰਤੀ ਲੜਕੀ ਦਿੱਤੀ ਜਾਂਦੀ ਹੈ। ਇਹ ਗਰਾਂਟ ਉਹਨਾਂ ਸਾਬਕਾ ਸੈਨਿਕਾਂ/ਵਿਧਵਾਵਾਂ ਨੂੰ ਮੰਨਜ਼ੂਰ ਕੀਤੀ ਜਾਂਦੀ ਹੈ, ਜਿਹਨਾਂ ਦੀ ਆਮਦਨ ਸਾਰੇ ਹੀ ਵਸੀਲਿਆਂ ਤੋਂ 25000/- ਰੁਪਏ ਤੋਂ ਘੱਟ ਹੋਵੇ। ਹੇਠ ਲਿਖੀਆਂ ਕੈਟਾਗਰੀਆਂ ਨੂੰ ਆਮਦਨ ਦੀ ਹੱਦ ਤੋਂ ਛੋਟ ਹੈ:-

(ੳ) ਸੇਵਾਕਾਲ ਦੌਰਾਨ ਮਰ ਚੁੱਕੇ ਸੈਨਿਕਾਂ

(ਅ) ਯਤੀਮ ਲੜਕੀਆਂ

(ੲ) 20% ਜਾਂ ਉਸ ਤੋਂ ਵੱਧ ਦੇ ਨਕਾਰਾ ਸਾਬਕਾ ਸੈਨਿਕਾਂ/ਵਿਧਵਾਵਾਂ

(ਸ) ਜੰਗੀ ਵਿਧਵਾਵਾਂ ਦੀਆਂ ਲੜਕੀਆਂ

5. **ਸਾਬਕਾ ਸੈਨਿਕਾਂ/ਵਿਧਵਾਵਾਂ ਦੇ ਬੱਚਿਆਂ ਨੂੰ ਵਜੀਫ਼ਾ**

ਪੰਜਾਬ ਸਰਕਾਰ ਵਲੋਂ ਸਾਬਕਾ ਸੈਨਿਕਾਂ ਅਤੇ ਉਹਨਾਂ ਦੀਆਂ ਵਿਧਵਾਵਾਂ ਦੇ ਬੱਚਿਆਂ ਨੂੰ ਨੌਵੀਂ ਕਲਾਸ ਪਾਸ ਕਰਨ ਉਪਰੰਤ, ਡਿਗਰੀ ਕੋਰਸ ਲਈ ਵਜੀਫਾ ਦਿੱਤਾ ਜਾਂਦਾ ਹੈ, ਜੋ ਕਿ ਅਲੱਗ-ਅਲੱਗ ਕਲਾਸ ਲਈ ਵੱਖਰਾ-

ਵੱਖਰਾ ਹੈ। ਜੋ ਬੱਚੇ ਹੋਸਟਲ ਵਿਚ ਪੜ੍ਹਦੇ ਹਨ, ਉਹਨਾਂ ਨੂੰ ਵੀ ਹੋਸਟਲ ਵਿਚ ਰਹਿਣ ਦਾ ਖਰਚਾ ਜੋ ਸਰਕਾਰ ਵਲੋਂ ਫਿਕਸ ਕੀਤਾ ਹੋਇਆ ਹੈ, ਦਿੱਤਾ ਜਾਂਦਾ ਹੈ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਵਜੀਫਾ ਦਿੱਤਾ ਜਾਂਦਾ ਹੈ ਅਤੇ ਬੱਚੇ ਦੀ ਉਮਰ 25 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

6. **ਵਿਧਵਾਵਾਂ ਨੂੰ ਸਿਲਾਈ ਮਸ਼ੀਨ ਦੇਣ ਸਬੰਧੀ**

ਨੌਕਰੀ ਦੌਰਾਨ ਮਾਰੇ ਗਏ ਸੈਨਿਕਾਂ ਦੀਆਂ ਵਿਧਵਾਵਾਂ, 50% ਜਾਂ ਇਸ ਤੋਂ ਵੱਧ ਨਕਾਰਾ ਹੋਏ ਸੈਨਿਕਾਂ ਦੀਆਂ ਪਤਨੀਆਂ/ਲੜਕੀਆਂ, ਯਤੀਮ ਲੜਕੀਆਂ, ਵਿਧਵਾ ਜੋ ਪੈਨਸ਼ਨ ਦੀ ਹੱਕਦਾਰ ਨਾ ਹੋਵੇ ਅਤੇ ਉਮਰ 55 ਸਾਲ ਤੋਂ ਘੱਟ ਹੋਵੇ, ਨੂੰ ਸਵੈ ਰੁਜ਼ਗਾਰ ਲਈ ਸਿਲਾਈ ਮਸ਼ੀਨਾਂ ਦਿੱਤੀਆਂ ਜਾਂਦੀਆਂ ਹਨ।

7. **ਨੀਲਾ ਤਾਰਾ ਅਪਰੇਸ਼ਨ ਦੌਰਾਨ ਮਾਰੇ ਗਏ/ਭਗੌੜੇ ਸੈਨਿਕਾਂ ਨੂੰ ਗੁਜ਼ਾਰਾ ਭੱਤਾ ਦੇਣ ਬਾਰੇ**

ਨੀਲਾ ਤਾਰਾ ਅਪਰੇਸ਼ਨ ਦੌਰਾਨ ਭਗੌੜਾ ਸੈਨਿਕਾਂ ਅਤੇ ਮਾਰੇ ਗਏ ਸੈਨਿਕਾਂ ਦੀਆਂ ਵਿਧਵਾਵਾਂ/ਮਾਤਾ/ਪਿਤਾ ਨੂੰ ਪੰਜਾਬ ਸਰਕਾਰ ਵਲੋਂ ਬਤੌਰ ਗੁਜ਼ਾਰਾ ਭੱਤਾ ਸੈਨਿਕਾਂ ਨੂੰ 1500/- ਰੁਪਏ ਪ੍ਰਤੀ ਮਹੀਨਾ ਅਤੇ ਮਾਰੇ ਗਏ ਸੈਨਿਕਾਂ ਦੇ ਵਾਰਿਸਾਂ ਨੂੰ 2500/- ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ। ਇਹ ਗੁਜ਼ਾਰਾ ਭੱਤਾ ਉਹਨਾਂ ਭਗੌੜੇ ਸੈਨਿਕਾਂ ਨੂੰ ਦਿੱਤਾ ਜਾਂਦਾ ਹੈ, ਜਿਹਨਾਂ ਨੂੰ ਕਿਸੇ ਵੀ ਕਿਸਮ ਦੀ ਪੈਨਸ਼ਨ ਨਹੀਂ ਮਿਲਦੀ ਹੈ।

8. **ਬਹਾਦਰੀ ਇਨਾਮ ਜੇਤੂਆਂ ਨੂੰ ਅੰਨੂਟੀ ਦੇਣ ਬਾਰੇ**

ਜੋ ਬਹਾਦਰੀ ਇਨਾਮ ਜੇਤੂ ਪੰਜਾਬ ਦੇ ਪੱਕੇ ਵਸਨੀਕ ਹਨ, ਨੂੰ ਪੰਜਾਬ ਸਰਕਾਰ ਵਲੋਂ 6-11-2002 ਤੋਂ ਪਹਿਲਾਂ ਬਹਾਦਰੀ ਇਨਾਮ ਜੇਤੂਆਂ ਨੂੰ ਜ਼ਮੀਨ ਦੇ ਬਦਲੇ ਨਗਦੀ, ਨਗਦ ਇਨਾਮ ਅਤੇ ਐਨੂਟੀ ਸਰਕਾਰ ਦੇ ਨਿਯਮਾਂ ਅਨੁਸਾਰ ਜੋ ਵੱਖ-ਵੱਖ ਬਹਾਦਰੀ ਇਨਾਮ ਲਈ ਫਿਕਸ ਕੀਤੀ ਗਈ ਹੈ, ਦਿੱਤੀ ਜਾਂਦੀ ਸੀ, ਉਹ 6-11-2002 ਜਾਂ ਇਸ ਤੋਂ ਬਾਅਦ ਦੇ ਬਹਾਦਰੀ ਇਨਾਮ ਜੇਤੂਆਂ ਨੂੰ ਪੰਜਾਬ ਸਰਕਾਰ ਦੇ ਹੁਕਮਾਂ ਅਧੀਨ ਹੇਠ ਲਿਖਤ ਅਨੁਸਾਰ ਯੱਕਮੁਸ਼ਤ ਅਦਾਇਗੀ ਕੀਤੀ ਜਾਂਦੀ ਹੈ:-

| | | |
|---|---|---|
| (ੳ) | ਪਰਮਵੀਰ ਚੱਕਰ | 25 ਲੱਖ ਰੁਪਏ |
| (ਅ) | ਅਸ਼ੋਕ ਚੱਕਰ | 25 ਲੱਖ ਰੁਪਏ |
| (ੲ) | ਮਹਾਵੀਰ ਚੱਕਰ | 15 ਲੱਖ ਰੁਪਏ |
| (ਸ) | ਕੀਰਤੀ ਚੱਕਰ | 15 ਲੱਖ ਰੁਪਏ |
| (ਹ) | ਵੀਰ ਚੱਕਰ | 10 ਲੱਖ ਰੁਪਏ |
| (ਕ) | ਸ਼ੋਰਿਆ ਚੱਕਰ | 10 ਲੱਖ ਰੁਪਏ |
| (ਖ) | ਸੈਨਾ/ਜਲ ਸੈਨਾ/ਵਾਯੂ ਸੈਨਾ ਮੰਡਲ | 5 ਲੱਖ ਰੁਪਏ |

ਲੋੜਵੰਦਾਂ ਨੂੰ ਇਹ ਸਹੂਲਤਾਂ ਪ੍ਰਾਪਤ ਕਰਨ ਲਈ ਜ਼ਿਲ੍ਹਾ ਸੈਨਿਕ ਭਲਾਈ ਅਫਸਰ, ਹੁਸ਼ਿਆਰਪੁਰ ਦੇ ਦਫ਼ਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ।